**ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ**
**ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ।**

ਵੱਲ


The Chairman,
Shri Guru Ram Dass Educational & Charitable Trust,
145-L, Model Town,
Ludhiana.


ਯਾਦ ਪੱਤਰ ਨੰ: 2237 ਸੀਟੀਪੀ(ਪਬ)/SL967
ਮਿਤੀ 01-06-15

ਵਿਸ਼ਾ: **ਅਪਰੂਵਲ ਆਫ ਜ਼ੋਨਿੰਗ ਪਲੈਨ, ਬਿਲਡਿੰਗ ਪਲੈਨ ਅਤੇ ਸਾਈਟ ਪਲੈਨ ਆਫ ਐਜੂਕੇਸ਼ਨ ਕਾਲਜ਼ ਆਫ ਸ਼੍ਰੀ ਗੁਰੂ ਰਾਮ ਦਾਸ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ ਐਟ ਵਿਲੇਜ਼ ਹਲਵਾਰਾ, ਤਹਿਸੀਲ ਰਾਏਕੋਟ ਜ਼ਿਲ੍ਹਾ ਲੁਧਿਆਣਾ।**

ਹਵਾਲਾ: ਆਪ ਦੀ ਪ੍ਰਤੀ ਬੇਨਤੀ ਮਿਤੀ 25.05.2015 ਦੇ ਸਬੰਧ ਵਿਚ।

ਵਿਸ਼ੇ ਅਧੀਨ ਦਰਜ ਸਾਈਟ ਰਕਬਾ 2.5 ਏਕੜ ਦਾ ਇਸ ਦਫਤਰ ਵੱਲੋਂ ਪੱਤਰ ਨੰ: 3141- ਸੀਟੀਪੀ (ਪਬ)/ ਐਸ.ਪੀ.432) ਐਲ) ਮਿਤੀ 28.04.2010 ਰਾਹੀਂ ਵਿੱਦਿਅਕ ਮੰਤਵ (Management & Technology & B.Ed. College) ਲਈ ਭੌਂ ਮੰਤਵ ਤਬਦੀਲੀ ਪ੍ਰਵਾਨ ਕੀਤੀ ਗਈ ਸੀ। ਹੁਣ ਹਵਾਲਾ ਪੱਤਰ ਰਾਹੀਂ ਪ੍ਰਾਪਤ ਵਿਸ਼ੇ ਅਧੀਨ ਸਾਈਟ ਦੇ ਜ਼ੋਨਿੰਗ ਅਤੇ ਬਿਲਡਿੰਗ ਪਲੈਨਾਂ ਨੂੰ ਮਿਤੀ 06.05.2015 ਦੀ ਕੰਪਾਊਡਿੰਗ ਪਾਲਿਸੀ ਤਹਿਤ ਵਿਚਾਰਨ ਉਪਰੰਤ ਕਵਰਡ ਏਰੀਆ 2660.50 ਵਰਗ ਫੁੱਟ ਪਿੱਛੇ ਬਣਦੀ ਸਕਰੂਟਿਨੀ ਫੀਸ ਸਮੇਤ ਬਾਊਂਡਰੀ ਵਾਲ ਰੁਪਏ 16,800/-ਦਾ ਡੀਡੀ ਨੰ: 954115, ਮਿਤੀ 26.05.2015 ਜ਼ੋ ਕਿ ਓਰੀਐਂਟਲ ਬੈਂਕ ਆਫ ਕਮਰਸ਼, ਲੁਧਿਆਣਾ ਵੱਲੋਂ ਜਾਰੀ ਹੈ, ਇਸ ਦਫਤਰ ਵਿੱਚ ਪ੍ਰਾਪਤ ਹੋ ਗਿਆ ਹੈ। ਇਸ ਤੋਂ ਇਲਾਵਾ ਮੌਕੇ ਤੇ ਪਹਿਲਾਂ ਤੋਂ ਉਸਾਰੀ ਬਿਲਡਿੰਗ ਜਿਸ ਦਾ ਕੁੱਲ ਕਵਰਡ ਏਰੀਆ 15234 ਵਰਗ ਫੁੱਟ ਹੈ, ਉਕਤ ਪਾਲਿਸੀ ਦੇ ਸਨਮੁੱਖ ਬਣਦੀ ਕੰਪਾਊਡਿੰਗ ਫੀਸ ਰੁਪਏ 3,04,680/- ਦਾ ਡੀ.ਡੀ. ਨੰ: 954116 ਮਿਤੀ 26.05.2015 ਜ਼ੋ ਕਿ ਓਰੀਐਂਟਲ ਬੈਂਕ ਆਫ ਕਮਰਸ਼ ਲੁਧਿਆਣਾ ਵੱਲੋਂ ਜਾਰੀ ਹੈ, ਪ੍ਰਾਪਤ ਹੋ ਗਿਆ ਹੈ। ਪ੍ਰਾਪਤ ਬਿਲਡਿੰਗ ਪਲੈਨਾਂ ਨੂੰ ਵਾਚਣ ਉਪਰੰਤ ਤਕਨੀਕੀ ਤੌਰ 'ਤੇ ਠੀਕ ਪਾਉਂਦੇ ਹੋਏ ਮਨਜ਼ੂਰੀ ਹੇਠ ਲਿਖੀਆਂ ਸ਼ਰਤਾਂ 'ਤੇ ਜਾਰੀ ਕੀਤੀ ਜਾਂਦੀ ਹੈ:-

1. ਬਿਲਡਿੰਗ ਦੀ ਉਸਾਰੀ ਵਿਦਿਅਕ ਮੰਤਵ (Management & Technology & B.Ed. College) ਲਈ ਪ੍ਰਵਾਨ ਕੀਤੀ ਗਈ ਹੈ, ਕਿਸੇ ਹੋਰ ਮੰਤਵ ਲਈ ਨਹੀਂ।
2. ਬਿਲਡਿੰਗ ਦੀ ਉਸਾਰੀ ਕਰਨ ਤੋਂ ਪਹਿਲਾਂ ਬਿਲਡਿੰਗ ਦੇ ਪਲਿੰਥ ਲੈਵਲ ਦੀ ਪ੍ਰਵਾਨਗੀ ਸਮਰੱਥ ਅਧਿਕਾਰੀ ਤੋਂ ਪ੍ਰਾਪਤ ਕੀਤੀ ਜਾਵੇਗੀ ।
3. ਬਿਲਡਿੰਗ ਆਕੂਪਾਈ ਕਰਨ ਤੋਂ ਪਹਿਲਾਂ ਫਾਇਰ ਸੇਫਟੀ ਸਬੰਧੀ ਜ਼ਿਲਾ ਫਾਇਰ ਅਫਸਰ ਤੋਂ ਲੋੜੀਂਦਾ ਐਨ.ਓ.ਸੀ. ਪ੍ਰਾਪਤ ਕੀਤਾ ਜਾਵੇਗਾ।
4. ਆਪ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ ਤੋਂ ਲੋੜੀਂਦਾ ਐਨ.ਓ.ਸੀ. ਪ੍ਰਾਪਤ ਕਰਕੇ ਵਿਕਾਸ ਕਾਰਜ ਕਰੋਗੇ ।
5. ਇਸ ਬਿਲਡਿੰਗ ਦੀ ਸਟਰਕਚਰਲ ਸੇਫਟੀ ਸਬੰਧੀ ਜ਼ਿੰਮੇਵਾਰੀ ਬਿਨੈਕਾਰ ਅਦਾਰੇ ਦੀ ਆਪਣੀ ਹੋਵੇਗੀ ਅਤੇ ਇਸ ਦੀ ਉਸਾਰੀ ਸਟਰਕਚਰਲ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇਗੀ ਅਤੇ ਜੇਕਰ ਉਸਾਰੀ ਕਰਦੇ ਸਮੇਂ ਕੋਈ ਰੱਦੋ ਬਦਲ ਕੀਤੀ ਜਾਂਦੀ ਹੈ ਤਾਂ ਉਸ ਦੀ ਰਿਵਾਈਜ਼ਡ ਪ੍ਰਵਾਨਗੀ ਕੰਪੀਟੈਂਟ ਅਥਾਰਟੀ ਤੋਂ ਲਈ ਜਾਵੇਗੀ।
6. ਬਿਜਲੀ ਆਦਿ ਸਬੰਧੀ ਕਾਰਜ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ. ਦੀ ਪ੍ਰਵਾਨਗੀ ਉਪਰੰਤ ਕੀਤੇ ਜਾਣਗੇ।
7. ਬਿਲਡਿੰਗ ਵਿੱਚ ਜਨ ਸਹੂਲਤਾਂ (ਪਬਲਿਕ ਹੈਲਥ,ਸੀਵਰੇਜ਼, ਸੋਲਿਡ ਵੇਸਟ ਡਿਸਪੋਜ਼ਲ ਆਦਿ ਸਟੈਂਡਰਡ ਨਾਰਮਜ਼ ਅਨੁਸਾਰ ਉਪਬੰਧ ਕਰਨ ਦੀ ਜ਼ਿੰਮੇਵਾਰੀ ਆਪ ਦੀ ਆਪਣੀ ਹੋਵੇਗੀ।
8. ਆਪ ਵੱਲੋਂ ਵਿਸ਼ੇ ਅਧੀਨ ਸਾਈਟ ਵਿੱਚ ਸੋਲਰ ਵਾਟਰ ਹੀਟਿੰਗ ਅਤੇ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਦੀ ਪ੍ਰੋਵੀਜ਼ਨ ਕੀਤੀ ਜਾਵੇਗੀ ।
9. ਬਿਲਡਿੰਗ ਦਾ ਸਟਰਕਚਰ ਡਿਜ਼ਾਇਨ ਕਰਦੇ ਸਮੇਂ ਭੁਚਾਲ ਤੋਂ ਬਚਾਅ ਦੇ ਮਾਪਦੰਡ ਅਪਣਾਏ ਜਾਣਗੇ।
10. ਬਿਨੈਕਾਰ ਵੱਲੋਂ ਬਿਲਡਿੰਗ ਵਰਤੋਂ ਵਿੱਚ ਲਿਆਉਣ ਤੋਂ ਪਹਿਲਾਂ ਕੰਪੀਟੈਂਟ ਅਥਾਰਟੀ ਵੱਲੋਂ ਕੰਪਲੀਸ਼ਨ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇਗਾ।
11. ਆਪ ਨੂੰ ਉਪਰੋਕਤ ਬਿਲਡਿੰਗ ਦੀ ਉਸਾਰੀ ਜਾਂ ਇਸ ਦੀ ਵਰਤੋਂ ਸਬੰਧੀ ਜੇਕਰ ਕੋਈ ਕਾਨੂੰਨੀ ਪ੍ਰਵਾਨਗੀ ਕਿਸੇ ਕਾਨੂੰਨ ਜਾਂ ਹਦਾਇਤਾਂ ਅਨੁਸਾਰ ਲੋੜੀਦੀ ਹੋਵੇਗੀ, ਉਹ ਆਪ ਵੱਲੋਂ ਆਪਣੇ ਪੱਧਰ' ਤੇ ਪ੍ਰਾਪਤ ਕੀਤੀ ਜਾਵੇਗੀ।
12. ਆਪ ਸੀ.ਐਲ.ਯੂ. ਪ੍ਰਵਾਨਗੀ ਪੱਤਰ ਨੰ: 3141-ਸੀਟੀਪੀ(ਪਬ)/ਐਸ.ਪੀ.432) ਐਲ) ਮਿਤੀ 28.04.2010 ਵਿੱਚ ਲਗਾਈਆਂ ਸ਼ਰਤਾਂ ਦੀ ਪ੍ਰਤੀ ਪੂਰਤੀ ਕਰਨ ਦੇ ਪਾਬੰਦ ਹੋਵੋਗੇ।
13. ਜੇਕਰ ਉਪਰੋਕਤ ਦਰਸਾਏ ਚਾਰਜਿਜ਼ ਤੋਂ ਇਲਾਵਾ ਆਪ ਵੱਲ ਕੋਈ ਹੋਰ ਰਕਮ ਬਕਾਇਆ ਨਿਕਲ ਆਉਂਦੀ ਹੈ ਤਾਂ ਆਪ ਅਦਾ ਕਰਨ ਦੇ ਪਾਬੰਦ ਹੋਵੋਗੇ।
14. ਆਪ ਮੁੱਖ ਪ੍ਰਸਾਸ਼ਕ, ਪੁੱਡਾ ਵੱਲੋਂ ਜਾਰੀ ਮੀਮੋ ਨੰ: PUDA/CA/2013/1713-16, dated 27.02.2013 ਵਿੱਚ ਦਰਜ ਹਦਾਇਤਾਂ ਦੇ ਸਨਮੁੱਖ ਬਿਲਡਿੰਗ ਦੀ ਉਸਾਰੀ ਲਈ ਅੰਡਰ ਗਰਾਊਂਡ ਵਾਟਰ ਦੀ ਵਰਤੋਂ ਨਾਂ ਕਰਨ ਦੇ ਪਾਬੰਦ ਹੋਵੋਗੇ।

3. ਹੇਠ ਦਰਸਾਏ ਵੇਰਵੇ ਅਨੁਸਾਰ ਪ੍ਰਵਾਨਿਤ ਬਿਲਡਿੰਗ ਪਲੈਨਾਂ ਦਾ ਇੱਕ ਸੈਟ ਨਾਲ ਨੱਥੀ ਕੀਤਾ ਜਾਂਦਾ ਹੈ:-

| ਲੜੀ ਨੰ: | ਵੇਰਵਾ | ਡਰਾਇੰਗ ਨੰ:/ ਮਿਤੀ |
|---|---|---|
| 1 | Zoning Plan | DFA -1/13.12.2014 |
| 2 | Site Plan | DFA-2/13.12.2014 |
| 3 | Ground & First Floor Plan | DFA-3/13.12.2014 |
| 4 | Terrace Floor Plan | DFA-4/13.12.2014 |
| 5 | Section & Elevation | DFA-5/13.12.2014 |

ਮੁੱਖ ਨਗਰ ਯੋਜਨਾਕਾਰ,
ਪੰਜਾਬ।

ਨੱਥੀ/ ਉਪਰੋਕਤ ਅਨੁਸਾਰ।

ਪਿੱਠ ਅੰਕਣ ਨੰ: ਸੀਟੀਪੀ(ਪਬ)/ ਮਿਤੀ

ਇਸ ਦਾ ਇੱਕ ਉਤਾਰਾ ਮੁੱਖ ਪ੍ਰਸਾਸ਼ਕ ਗਲਾਡਾ, ਲੁਧਿਆਣਾ ਨੂੰ ਉਹਨਾਂ ਵੱਲ ਇਸ ਦਫਤਰ ਦੇ ਪਿੱਠ ਅੰਕਣ ਨੰ: 3142-ਸੀਟੀਪੀ(ਪਬ)/ਐਸ.ਪੀ.432) ਐਲ) ਮਿਤੀ 28.04.2010 ਦੀ ਲਗਾਤਾਰਤਾ ਵਿੱਚ ਸਰਕਾਰ ਵੱਲੋਂ ਮਿਤੀ 06.05.2013 ਨੂੰ ਜਾਰੀ ਨੋਟੀਫਿਕੇਸ਼ਨ ਦੇ ਸਨਮੁੱਖ ਬਕਾਇਆ ਲਾਇਸੰਸ ਫੀਸ ਰੁਪਏ 17,000/- ਡੀ. ਡੀ ਨੰ: 954119, ਮਿਤੀ 26.05.2015 ਜ਼ੋ ਕਿ ਓਰੀਐਂਟਲ ਬੈਕ ਆਫ ਕਮਰਸ ਲੁਧਿਆਣਾ ਵੱਲੋਂ ਜਾਰੀ ਹੈ ਸਮੇਤ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜ ਕੇ ਲਿਖਿਆ ਜਾਂਦਾ ਹੈ ਕਿ ਪ੍ਰਾਰਥੀ ਵੱਲ ਜੇਕਰ ਕੋਈ ਹੋਰ ਚਾਰਜਿਜ਼ ਜਾਂ ਬਕਾਇਆ ਨਿਕਲਦੇ ਹੋਣ ਤਾਂ ਉਹ ਆਪਣੇ ਪੱਧਰ ਤੇ ਵਸੂਲ ਕਰ ਲਏ ਜਾਣ।

ਮੁੱਖ ਨਗਰ ਯੋਜਨਾਕਾਰ,
ਪੰਜਾਬ।

ਨੱਥੀ/ ਉਪਰੋਕਤ ਅਨੁਸਾਰ।

ਪਿੱਠ ਅੰਕਣ ਨੰ: ਸੀਟੀਪੀ(ਪਬ)/ ਮਿਤੀ

ਇਸ ਦਾ ਇੱਕ ਉਤਾਰਾ ਮੁੱਖ ਪ੍ਰਸਾਸ਼ਕ, ਪੁੱਡਾ,ਮੋਹਾਲੀ ਨੂੰ ਉਹਨਾਂ ਵੱਲ ਇਸ ਦਫਤਰ ਦੇ ਪਿੱਠ ਅੰਕਣ ਨੰ: 3143-ਸੀਟੀਪੀ(ਪਬ)/ਐਸ.ਪੀ.432) ਐਲ) ਮਿਤੀ 28.04.2010 ਦੀ ਲਗਾਤਾਰਤਾ ਵਿੱਚ ਸਰਕਾਰ ਵੱਲੋਂ ਮਿਤੀ 06.05.2013 ਨੂੰ ਜਾਰੀ ਨੋਟੀਫਿਕੇਸ਼ਨ ਦੇ ਸਨਮੁੱਖ ਬਕਾਇਆ ਐਸ.ਆਈ.ਐਫ ਚਾਰਜਿਜ਼ ਰੁਪਏ 13,750/- ਦੇ ਡੀ.ਡੀ.ਨੰ: 954114 ਮਿਤੀ 26.05.2015 ਜ਼ੋ ਕਿ ਓਰੀਐਂਟਲ ਬੈਕ ਆਫ ਕਮਰਸ ਲੁਧਿਆਣਾ ਵੱਲੋ ਜਾਰੀ ਹੈ ਸਮੇਤ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜ ਕੇ ਲਿਖਿਆ ਜਾਂਦਾ ਹੈ ਕਿ ਪ੍ਰਾਰਥੀ ਵੱਲ ਜੇਕਰ ਕੋਈ ਹੋਰ ਚਾਰਜਿਜ਼ ਜਾਂ ਬਕਾਇਆ ਨਿਕਲਦੇ ਹੋਣ ਤਾਂ ਉਹ ਆਪਣੇ ਪੱਧਰ ਤੇ ਵਸੂਲ ਕਰ ਲਏ ਜਾਣ।

ਮੁੱਖ ਨਗਰ ਯੋਜਨਾਕਾਰ,
ਪੰਜਾਬ।

ਨੱਥੀ/ ਉਪਰੋਕਤ ਅਨੁਸਾਰ।

ਪਿੱਠ ਅੰਕਣ ਨੰ: ਸੀਟੀਪੀ(ਪਬ)/ ਮਿਤੀ

ਇਸ ਦਾ ਇੱਕ ਉਤਾਰਾ ਕਿਰਤ ਕਮਿਸ਼ਨਰ, ਪੰਜਾਬ, ਐਸ.ਸੀ.ਓ. ਨੰ: 47-48, ਸੈਕਟਰ 17-ਈ, ਚੰਡੀਗੜ੍ਹ ਨੂੰ ਸਮੇਤ ਡੀ.ਡੀ 954117,ਮਿਤੀ 26.05.2015 ਬਾਬਤ ਰਕਮ 1,14,255/- ਅਤੇ ਡੀ.ਡੀ. ਨੰ: 954125, ਮਿਤੀ 27.05.2015 ਬਾਬਤ ਰਕਮ 19,953/- (ਕੁੱਲ 1,34,208/-ਰੁਪਏ) ਜ਼ੋ ਕਿ ਓਰੀਐਂਟਲ ਬੈਕ ਆਫ ਕਮਰਸ ਲੁਧਿਆਣਾ ਵੱਲੋਂ ਪੰਜਾਬ ਕੰਸਟ੍ਰਕਸ਼ਨ ਵੈਲਫੇਅਰ ਬੋਰਡ ਦੇ ਨਾਂ ਤੇ ਜਾਰੀ ਹਨ, ਭੇਜੇ ਜਾਂਦੇ ਹਨ। ਉਕਤ ਬਿਲਡਿੰਗ ਪਲੈਨ ਅਨੁਸਾਰ ਉਸਾਰੇ ਜਾਣ ਵਾਲੇ ਬਿਲਡਿੰਗ ਪਲੈਨ ਦੇ ਐਸਟੀਮੇਟ ਦੀ ਕਾਪੀ ਮੂਲ ਰੂਪ ਵਿਚ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਜੇਕਰ ਹੋਰ ਕੋਈ ਚਾਰਜਿਜ਼ ਬਣਦੇ ਹੋਣ ਤਾਂ ਆਪਣੀ ਪੱਧਰ ਤੇ ਵਸੂਲ ਕਰ ਲਏ ਜਾਣ।

ਮੁੱਖ ਨਗਰ ਯੋਜਨਾਕਾਰ,
ਪੰਜਾਬ।

ਨੱਥੀ/ ਉਪਰੋਕਤ ਅਨੁਸਾਰ।

ਪਿੱਠ ਅੰਕਣ ਨੰ: ਸੀਟੀਪੀ(ਪਬ)/ ਮਿਤੀ:

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰ: 3144-3147-ਸੀਟੀਪੀ(ਪਬ)/ਐਸ.ਪੀ.432) ਐਲ) ਮਿਤੀ 28.04.2010 ਦੀ ਲਗਾਤਾਰਤਾ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜ ਕੇ ਲਿਖਿਆ ਜਾਂਦਾ ਹੈ:-

1. ਚੇਅਰਮੈਨ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ।
2. ਮੁੱਖ ਵਣਪਾਲ, ਜੰਗਲਾਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਸੀਨੀਅਰ ਨਗਰ ਯੋਜਨਾਕਾਰ, ਲੁਧਿਆਣਾ।
4. ਜ਼ਿਲਾ ਨਗਰ ਯੋਜਨਾਕਾਰ, ਲੁਧਿਆਣਾ (ਸਮੇਤ ਬਿਲਡਿੰਗ ਪਲੈਨ)

ਮੁੱਖ ਨਗਰ ਯੋਜਨਾਕਾਰ,
ਪੰਜਾਬ।